**Roll No ……………………..** **004/B**

Total No. of Question : ] [Total No. of Printed pages : ]

**SS**

**2037**

**ANNUAL EXAMINATION SYSTEM**

**PUNJABI (Elective)**

Time allowed: 3 Hours Maximum Marks:

**1.** ਸਾਰੇ ਪ੍ਰਸ਼ਨ ਜ਼ਰੂਰੀ ਹਨ। ਹਰੇਕ ਪ੍ਰਸ਼ਨ ਇੱਕ ਅੰਕ ਦਾ ਹੈ।

(ੳ) 'ਮੁਸ਼ਕਲ ਘਾਟ ਫ਼ਕੀਰੀ ਦਾ' ਵਿੱਚ 'ਘਾਟ' ਸ਼ਬਦਾ ਦੀ ਕੀ ਅਰਥ ਹੈ ? **1**

(ਅ) "ਪਵਣੁ ਗੁਰੂ ਪਾਣੀ ਪਿਤਾ ਕਿਹੜਾ ਕਾਵਿ-ਰੂਪ ਹੈ। **1**

(ੲ) ਪੂਰਨ ਭਗਤ ਦਾ ਗੁਰੂ ਕੌਣ ਸੀ ? **1**

(i) ਸ਼ਾਨ ਇਨਾਇਤ (ii) ਕਾਦਰ ਯਾਰ

(iii) ਗੁਰੂ ਗੋਰਖ ਨਾਥ (iv) ਬਾਲ ਨਾਥ

(ਸ) ਦੇਵਤੇ ਦੁਰਗਾ ਦੇਵੀ ਦੀ ਅਗਵਾਈ 'ਚ ਰਾਕਸ਼ਾਂ ਨਾਲ ਲੜਾਈ ਕਰਦੇ ਹਨ ? ਦੱਸੋ ਇਹ ਕਥਨ ਠੀਕ ਹੈ ਜਾਂ ਗਲਤ। **1**

(ਹ) ਸ. ਸ. ਜੌਹਲ ਰਚਿਤ ਕਿਹੜਾ ਸੁੰਜੀਵਨੀ-ਅੰਸ਼ 'ਆਪ-ਬੀਤੀਆਂ ਪੁਸਤਕ ਵਿੱਚ ਦਰਜ **1**

(ਕ) ਮੇਰੇ ਬੱਚੇ ਮੇਰਾ ਮੁਹਾਂਦਰਾ ਪਾਠ ਵਿੱਚ ਜੰਨਤ ਦਾ ਕਿੰਨਵਾਂ ਜਨਮ ਦਿਨ ਮਨਾਏ ਜਾਣ ਦਾ ਜ਼ਿਕਰ ਹੈ ? **1**

(ਖ) ਰੰਗਮੰਚ ਉੱਤੇ ਕਿਸ ਚੀਜ਼ ਦਾ ਖ਼ਾਸ ਪ੍ਰਬੰਧ ਹੁੰਦਾ ਹੈ ? **1**

(ਗ) .......... ਅਲੰਕਾਰ ਵਿੱਚ ਗੱਲ ਨੂੰ ਵਧਾ-ਚੜ੍ਹਾ ਕੇ ਵਰਨਣ ਕੀਤਾ ਹੁੰਦਾ ਹੈ। **1**

(ਘ) ਪਿੰਗਲ ਰਿਸ਼ੀ ਦੇ ਗੰਥ ਦਾ ਨਾਂ ਦੱਸੋ। **1**

(ਙ) ਰਸ ਕਿੰਨੇ ਪ੍ਰਕਾਰ ਦੇ ਮੰਨੇ ਗਏ ਹਨ ? **1**

**2.** ਹੇਠ ਦਿੱਤੇ ਕਾਵਿ-ਟੋਟਿਆਂ ਵਿੱਚੋਂ ਕਿਸੇ ਦੋ ਦੀ ਸੰਗ ਸਹਿਤ ਵਿਆਖਿਆ ਕਰੋ -

(ੳ) ਨੂਨ-ਨਾਲ ਕੁਸੰਗੀ ਸੰਗ ਨਾ ਕਰੀਏ ਕੁਲ ਨੂੰ ਲਾਜ ਨਾ ਲਾਈਏ ॥ **8**
ਤੁੰਮੇ ਤਰਬੂਜ ਮੂਲ ਨਾ ਹੁੰਦੇ ਤੋੜੇ ਮੱਕੇ ਲੈ ਜਾਈਏ ॥
ਕਾਵਾਂ ਦੇ ਬੱਚੇ ਹੰਸ ਨਾ ਹੋਵਣ ਤੋੜੇ ਮੋਤੀ ਚੋਗ ਚੁਗਾਈਏ ਹੁ ॥
ਕੌੜੇ ਖੂਹ ਨਾ ਹੁੰਦੇ ਮਿੱਠੇ ਬਾਹੂ ਤੋੜੇ ਮੈ ਮਣਾ ਖੰਡ ਪਾਈਏ ਹੂ ॥

(ਅ) ਚਾਰੇ ਵਰਨ ਆਖੈ ਸਭੁ ਕੋਈ ॥ **8**
ਬ੍ਰਹਮੁ ਬਿੰਦ ਤੇ ਸਭ ਸਭ ਓਪਤਿ ਹੋਈ ॥
ਮਾਟੀ ਏਕ ਸਗਲ ਸੰਸਾਰਾ ॥
ਬਹੁ ਬਿਧਿ ਭਾਂਡੇ ਘੜੈ ਕੁਮਾਰਾ ॥

(ੲ) ਦਸ ਮਹੀਂਆਂ ਦਾ ਘਿਉ ਦਿੱਤਾ, ਬੱਕੀ ਦੇ ਢਿੱਡ ਪਾ । **8**
ਬੱਕੀ ਤੋਂ ਡਰਨ ਫਰਿਸ਼ਤੇ, ਤੇ ਮੈਤੋਂ ਡਰੇ ਖੁਦਾ।
ਚੁੱਭੀ ਵਿੱਚ ਪਤਾਲ ਲਾ, ਉਡ ਕੇ ਚੜ੍ਹੇ ਅਕਾਸ਼।
ਚੜ੍ਹਨਾ ਆਪਣੀ ਮੰਜ ਨੂੰ, ਬੱਕੀ ਨੂੰ ਲਾਜ ਨਾ ਲਾ।

(ਸ) ਇਹ ਜੱਗ ਸਰਾਇ ਮੁਸਾਫ਼ਰਾਂ ਦੀ, **8**
ਏਥੇ ਜ਼ੋਰ ਵਾਲੇ ਕਈ ਆਇ ਗਏ।
ਸ਼ਦਾਦ ਨਮਰੂਦ ਫ਼ਿਰਊਨ ਜੇਹੇ,
ਦਾਵਾ ਬੰਨੁ ਖੁਦਾਇ ਕਹਾਇ ਗਏ

**3.** ਹੇਠ ਲਿਖੀਆਂ ਕਵਿਤਾਵਾਂ ਵਿਚੋਂ ਕਿਸੇ ਇੱਕ ਕਵਿਤਾ ਦਾ ਕੇਂਦਰੀ ਭਾਵ ਲਿਪ

(ੳ) ਦਿਲਹੁ ਮੁਹਬਤਿ ਜਿਨ ਸੇਈ ਸਚਿਆ। (ਸ਼ੇਖ਼ ਫ਼ਰੀਦ) **5**

(ਅ) ਰਾਵੀ ਕੰਢੇ ਦੀ ਲੜਾਈ। (ਨਜਾਬਤ) **5**

(ੲ) ਨਿਮਰਤਾ ਦਾ ਗੁਣ (ਭਾਈ ਗੁਰਦਾਸ) **5**

4. ਗੁਰਮਤਿ ਕਾਵਿ-ਧਾਰਾ ਦੀਆਂ ਵਿਸ਼ੇਸ਼ਤਾਵਾਂ ਨਾਲ ਜਾਣ-ਪਛਾਣ ਕਰਾਓ। 15

**ਜਾਂ**

ਬੁੱਲੇ ਸ਼ਾਹ ਦੇ ਜੀਵਨ ਅਤੇ ਰਚਨਾ ਬਾਰੇ ਨੋਟ ਲਿਖੋ।

5. ਆਪ-ਬੀਤੀਆਂ ਪਾਠ-ਪੁਸਤਕ ਦੇ ਆਧਾਰ ਤੇ ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਪੰਜ ਪ੍ਰਸ਼ਨਾਂ ਦੇ ਉੱਤਰ ਲਿਖੋ

(ੳ) ਪੂਰਨ ਸਿੰਘ ਦੀ ਮਾਂ ਅਟਕ ਨੂੰ 'ਜਿਊੜਾ' ਕਿਉਂ ਕਹਿੰਦੀ ਹੈ ? 4

(ਅ) ਪਿੰਸੀਪਲ ਤੇਜ਼ਾ ਸਿੰਘ ਨੇ ਆਪਣੇ ਬਚਪਨ ਦੀ ਜ਼ਿੰਦਗੀ ਬਾਰੇ ਲਿਖਿਆ ਹੈ "ਮੈਂ ਇਸ ਜ਼ਿੰਦਗੀ ਨਾਲ ਰਾਜ਼ੀ ਨਹੀਂ ਸਾਂ।'' ਦੱਸੋ ਇਹ ਜ਼ਿੰਦਗੀ ਕਿਵੇਂ ਦੀ ਸੀ ? 4

(ੲ) ਪ੍ਰਿੰਸੀਪਲ ਸਾਹਿਬ ਸਿੰਘ ਨੂੰ ਅੱਗੇ ਵਧਣ ਦੀ ਪ੍ਰੇਰਨਾ ਕਿੱਥੋਂ-ਕਿੱਥੇ ਮਿਲਦੀ ਰਹੀ ? "ਧੂੜ ਭਰੇ ਰਾਹ' ਪਾਠ ਦੇ ਆਧਾਰ 'ਤੇ ਦੱਸੋ। 4

(ਸ) ਲੇਖਕ ਗੁਰਬਖ਼ਸ਼ ਸਿੰਘ ਪ੍ਰੀਤਲੜੀ ਆਪਣੀ ਸਵਿਸ ਮੇਜ਼ਬਾਨ ਦਾ, ਉਹਦੇ ਕਿਹੜੇ ਗੁਣਾਂ । ਕਰਕੇ ਪ੍ਰਸ਼ੰਸਕ ਬਣ ਗਿਆ ? 4

(ਹ) ਤਖਤ ਜਾਂ ਤਖਤਾ' ਸੁੰਜੀਵਨੀ ਅੰਸ਼ ਵਿੱਚ ਡਾ. ਮਹਿੰਦਰ ਸਿੰਘ ਰੰਧਾਵਾ ਦੀ ਸ਼ਖ਼ਸੀਅਤ ਦੇ ਕਿਹੜੇ ਗੁਣ ਉਜਾਗਰ ਹੁੰਦੇ ਹਨ ? ਆਪਣੇ ਸ਼ਬਦਾਂ ਵਿੱਚ ਲਿਖੋ ? 4

(ਕ) ਬਾਲੀ ਸਾਹਿਬ ਗੁਰਦੁਆਰੇ ਵਿੱਚ ਅਮ੍ਰਿਤਾ ਪ੍ਰੀਤਮ ਤੋਂ ਅਰਦਾਸ ਕਰਵਾਉਣ ਤੋਂ ਪਹਿਲਾਂ ਲੇਖਕਾ ਦੇ ਪਿਤਾ ਜੀ ਨੇ ਕੀ ਤਾਕੀਦ ਕੀਤੀ ? 4

(ਖ) ਧੀ ਦਾ ਬਾਪ ਬਣਨ ਦੀ ਖ਼ਬਰ ਸੁਣ ਕੇ ਦਾਰਾ ਸਿੰਘ ਨੇ ਕੀ ਮਹਿਸੂਸ ਕੀਤਾ ? ਆਪਣੇ ਸ਼ਬਦਾਂ ਵਿੱਚ ਲਿਖੋ। 4

(ਗ) 'ਛੋਟੀ ਉਮਰ ਵਿੱਚ ਹੀ ਪ੍ਰਭਜੋਤ ਕੌਰ ਦੀਆਂ ਸਿਰਜਣਾਤਮਿਕ ਰੁਚੀਆਂ ਪ੍ਰਗਟ ਹੋਣੀਆਂ ਸ਼ੁਰੂ ਹੋ ਗਈਆਂ ਸਨ । ਇਸ ਕਥਨ ਨੂੰ ਸਪਸ਼ਟ ਕਰੋ । 4

6. ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਸਾਹਿਤ ਰੂਪ ਬਾਰੇ ਨੋਟ ਲਿਖੋ -

(ੳ) ਨਾਵਲ 12

(ਅ) ਇਕਾਂਗੀ 12

(ੲ) ਨਿਬੰਧ। 12

7. ਹੇਠ ਲਿਖਿਆਂ ਦੀ ਉਦਾਹਰਣ ਸਹਿਤ ਪਰਿਭਾਸ਼ਾ ਲਿਖ :

| | | | | |
|---|---|---|---|---|
| (ੳ) | ਬੈਂਤ ਛੰਦ | ਜਾਂ | ਕਬਿੱਤ ਛੰਦ | 4 |
| (ਅ) | ਉਪਮਾ ਅਲੰਕਾਰ | ਜਾਂ | ਦ੍ਰਿਸ਼ਟਾਂਤ ਅਲੰਕਾਰ | 4 |
| (ੲ) | ਹਾਸ ਰਸ | ਜਾਂ | ਭਿਆਨਕ ਰਸ। | 4 |